# ਲਾਲਾ ਲਾਜਪਤ ਰਾਏ



# ਜਨਮ ਅਤੇ ਜੀਵਨ

- ਲਾਲਾ ਲਾਜਪਤ ਰਾਏ ਪੰਜਾਬ ਦੀ ਧਰਤੀ ਤੇ ਪੈਦਾ ਹੋਏ ਉਹਨਾਂ ਦਾ ਜਨਮ 28 ਜਨਵਰੀ 1865 ਨੂੰ ਜਿਲ੍ਹਾ ਲੁਧਿਆਣੇ ਦੇ ਪਿੰਡ ਢੁੱਡੀਕੇ ਵਿੱਚ ਹੋਇਆ ਉਨ੍ਹਾਂ ਦੇ ਪਿਤਾ ਰਾਧਾ ਕ੍ਰਿਸ਼ਨਨ ਇਕ ਸਕੂਲ ਅਧਿਆਪਕ ਸਨ ਸੁਭਾਵਿਕ ਰੂਪ ਵਿਚ ਲਾਲਾ ਲਾਜਪਤ ਰਾਏ ਨੂੰ ਆਪਣੇ ਪਰਿਵਾਰ ਵਿੱਚ ਸਿੱਖਿਆ ਦੇ ਪ੍ਰਤੀ ਵਧੀਆ ਵਾਤਾਵਰਣ ਮਿਲਿਆ ਅਤੇ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਦੀ ਸੇਵਾ ਕਰਨ ਦਾ ਸਬਕ ਉਨ੍ਹਾਂ ਨੇ ਆਪਣੇ ਪਰਿਵਾਰ ਕੋਲੋਂ ਹੀ ਸਿੱਖਿਆ 1916 ਵਿੱਚ ਉਨ੍ਹਾਂ ਨੇ ਅਮਰੀਕਾ ਵਿੱਚ ਹੋਮ ਰੂਲ ਲੀਗ ਦੀ ਸਥਾਪਨਾ ਕੀਤੀ ਇਸ ਲੀਗ ਦਾ ਮਹੱਤਵ ਅਮਰੀਕੀਆਂ ਨੂੰ ਭਾਰਤੀ ਸੁਤੰਤਰਤਾ ਦੀ ਜ਼ਰੂਰਤ ਬਾਰੇ ਜਾਗਰੂਕ ਕਰਨਾ 1917 ਵਿੱਚ ਉਨ੍ਹਾਂ ਨੇ ਆਪਣਾ ਇਕ ਮੈਗਜ਼ੀਨ ਯੰਗ ਇੰਡੀਆ ਨੇ ਪ੍ਰਕਾਸ਼ਿਤ ਕਰਨਾ ਆਰੰਭ ਕਰ ਦਿੱਤਾ 1920 ਵਿੱਚ ਉਨ੍ਹਾਂ ਨੇ ਕਲਕੱਤਾ ਵਿਖੇ ਸੰਪੰਨ ਹੋਏ ਕਾਂਗਰਸ ਦੇ ਹੰਗਾਮੇ ਅਧਿਵੇਸ਼ਨ ਦੀ ਪ੍ਰਧਾਨਗੀ ਕੀਤੀ mrs.thi ਵਿੱਚ ਲਾਲਾ ਜੀ ਨੂੰ ਜੇਲ੍ਹ ਯਾਤਰਾ ਕਰਨੀ ਪਈ ਕਿਉਂਕਿ ਉਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਨ ਮੀਟਿੰਗ ਕੀਤੇ ਜਾਣ ਦੇ ਕਾਨੂੰਨ ਦੀ ਉਲੰਘਣਾ ਕੀਤੀ ਸੀ ਉਨ੍ਹਾਂ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਉਨ੍ਹਾਂ ਨੇ ਇਕ ਸਾਲ ਦੀ ਸਜ਼ਾ ਦਿੱਤੀ ਗਈ ਕੁਝ ਮਹੀਨਿਆਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਉਹ ਸਿਹਤ ਸੁਧਾਰਨ ਲਈ ਸਕੂਲ ਚਲੇ ਗਏ ਉਹ ਵਾਪਸ ਆ ਕੇ ਉਨ੍ਹਾਂ ਨੇ ਦੇਸ਼ ਬੰਦ ਉਦਾਸ ਅਤੇ ਮੋਤੀ ਲਾਲ ਨਹਿਰੂ ਨਾਲ ਮਿਲ ਕੇ ਸਵਰਾਜ ਪਾਰਟੀ ਦੀ ਸਥਾਪਨਾ ਕੀਤੀ ਅਤੇ ਇੱਕ ਸਵਰਾਜ ਕੇਂਦਰੀ ਵਿਧਾਨ ਸਭਾ ਦੀ ਚੋਣ ਲੜ ਕੇ ਮੈਂਬਰਸ਼ਿਪ ਪ੍ਰਾਪਤ ਕਰ ਲਈ ਵਿਧਾਨ ਸਭਾ ਵਿੱਚ ਉਨ੍ਹਾਂ ਨੇ ਜੋਰਦਾਰ ਸ਼ਬਦਾਂ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਭਾਰਤੀਆਂ ਦੇ ਹਿੱਤਾਂ ਦੀ ਜ਼ਰੂਰਤਾਂ ਦੇ ਪੱਖ ਵਿੱਚ ਆਵਾਜ਼ ਉਠਾਈ ।।

# ਲਾਲਾ ਲਾਜਪਤ ਰਾਏ ਜੀ ਦੀ ਮੌਤ




- ਲਾਲਾ ਲਾਜਪਤ ਰਾਏ ਨੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਲਈ ਦੇਸ਼ ਵਾਸੀਆਂ ਨੂੰ ਪ੍ਰੇਰਿਤ ਕੀਤਾ ਅਤੇ 30 ਅਕਤੂਬਰ 1928 ਸਾਈਮਨ ਕਮਿਸ਼ਨ ਲਾਹੌਰ ਪੁੱਜਾ ਤਾਂ ਉਸ ਦੇ ਰੂਪ ਵਿੱਚ ਲੋਕਾਂ ਦਾ ਵਿਰੋਧ ਕੀਤਾ ਅਤੇ ਸਾਇਮਨ ਕਮਿਸ਼ਨ ਵਾਪਸ ਜਾਓ ਦੇ ਨਾਅਰੇ ਲਗਾਏ। ਇਸ ਜਲੂਸ ਅਤੇ ਪ੍ਰਦਰਸ਼ਨ ਦੀ ਅਗਵਾਈ ਲਾਲਾ ਲਾਜਪਤ ਰਾਏ ਕਰ ਰਹੇ ਸਨ ਸਰਕਾਰ ਨੇ ਇਸ ਪ੍ਰਦਰਸ਼ਨ ਨੂੰ ਗੈਰ ਕਾਨੂੰਨੀ ਘੋਸ਼ਿਤ ਕੀਤਾ ਅਤੇ ਪੁਲੀਸ ਨੂੰ ਲਾਠੀਚਾਰਜ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਤਿਤਰ-ਬਿਤਰ ਕਰਨ ਦਾ ਹੁਕਮ ਦਿੱਤਾ। ਲਾਲਾ ਲਾਜਪਤ ਰਾਏ ਵੀ ਇਸ ਲਾਠੀਚਾਰਜ ਦਾ ਸ਼ਿਕਾਰ ਹੋਏ 17 ਨਵੰਬਰ 1928 ਨੂੰ ਦੇਸ਼ ਵਾਸੀਆਂ ਨੂੰ ਵਿਛੋੜਾ ਦੇ ਗਏ ਉਹਨਾਂ ਦੇ ਮੌਤ ਤੇ ਭਾਰਤੀ ਨੇਤਾਵਾਂ ਨੇ ਬੀ ਦੁੱਖ ਦੁੱਖ ਪ੍ਰਗਟ ਕੀਤਾ। ਪੰਜਾਬੀ ਨੌਜਵਾਨਾ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਅਤੇ ਇਸ ਨਿਰਣੇ ਤੇ ਚੱਲਦੇ ਹੋਏ ਖਾੜਕੂ ਰਾਸ਼ਟਰਵਾਦੀਆਂ ਨੇ ਬ੍ਰਿਟਿਸ਼ ਸਰਕਾਰ ਦੇ ਅਧਿਕਾਰੀਆਂ ਖਾਸ ਕਰ ਉਨਾਂ ਜਿਨਾਂ ਨੇ ਲਾਲਾ ਜੀ ਤੇ ਹਮਲਾ ਕੀਤਾ ਸੀ ਨੂੰ ਸਬਕ ਸਿਖਾਉਣ ਦਾ ਮਨ ਬਣਾ ਲਿਆ ਤੇ ਬਾਅਦ ਵਿੱਚ ਅਜਿਹਾ ਕੀਤਾ ਵੀ ਗਿਆ ।

# ਲਾਲਾ ਲਾਜਪਤ ਰਾਏ ਦੀਆ ਰਚਨਾਵਾਂ

1. ਭਾਰਤ ਵਿੱਚ ਰਾਸ਼ਟਰੀ ਵਿਦਿਆ ਦੀ ਸਮੱਸਿਆ
2. ਆਤਮ ਕਥਾ
3. ਮੇਰੀ ਜਲਾਵਤਨ ਦੀ ਕਹਾਣੀ
4. ਆਰਿਆ ਸਮਾਜ
5. ਭਾਰਤ ਦਾ ਰਾਜਨੀਤਿਕ ਭਵਿੱਖ
6. ਨੌਜਵਾਨ ਭਾਰਤ ਲਈ ਇੱਕ ਸੱਦਾ
7. ਭਾਰਤ ਲਈ ਸਵੈ-ਨਿਰਣੇ ਦਾ ਅਧਿਕਾਰ
8. ਬੰਦੇ ਮਾਤਰਮ
9. ਉਦਾਸ ਭਾਰਤ
10. ਇੰਗਲੈਂਡ ਦਾ ਭਾਰਤ ਪ੍ਰਤੀ ਕਾਰਜ



# ਲਾਲਾ ਲਾਜਪਤ ਰਾਏ ਦੇ ਰਾਜਨੀਤਿਕ ਵਿਚਾਰ

1. ਰਾਸ਼ਟਰਵਾਦ ਦੇ ਸਬੰਧੀ ਵਿਚਾਰ:- ਲਾਲਾ ਲਾਜਪਤ ਰਾਏ ਪੂਰੀ ਤਰ੍ਹਾਂ ਨਾਲ ਭਾਰਤੀ ਰਾਸ਼ਟਰਵਾਦ ਦੀ ਸੋਚ ਨੂੰ ਸਮਰਪਿਤ ਸਨ ਅਤੇ ਉਨ੍ਹਾਂ ਨੇ ਰਾਸ਼ਟਰਵਾਦੀ ਭਾਵਨਾ ਦੇ ਅਧਾਰ ਤੇ ਹੀ ਸਾਰੇ ਕਾਰਜ ਕੀਤੇ ਆਪਣੇ ਵਿਵਹਾਰ ਅਤੇ ਵਿਚਾਰਾਂ ਦੇ ਨਾਲ ਉਨ੍ਹਾਂ ਨੇ ਭਾਰਤੀ ਰਾਸ਼ਟਰਵਾਦ ਨੂੰ ਇਕ ਨਵੀਂ ਦਿਸ਼ਾ ਦਿੱਤੀ
2. ਲੋਕਤੰਤਰ ਬਾਰੇ ਵਿਚਾਰ:- ਲਾਲਾ ਲਾਜਪਤ ਰਾਏ ਹੈ ਹਮੇਸ਼ਾ ਲੋਕ ਤੰਤਰੀ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ਼ ਰੱਖਿਆ ਅਨਿਆਈ ਅਤੇ ਸ਼ੋਸ਼ਣ ਦਾ ਡੱਟ ਕੇ ਵਿਰੋਧ ਕੀਤਾ ਸਮਾਜਿਕ ਆਰਥਿਕ ਰਾਜਨੀਤਿਕ ਸਮਾਨਤਾ ਦੇ ਉਦੇਸ਼ ਵਿਚ ਦ੍ਰਿੜ੍ਹ ਵਿਸ਼ਵਾਸ ਸੀ ਉਹਨਾਂ ਅਨੁਸਾਰ ਸੱਤਾ ਧੌਣ ਵਿੱਚ ਹੋਣੀ ਚਾਹੀਦੀ ਹੈ
3. ਰਾਜ ਦੇ ਕੰਮਾਂ ਸਬੰਧੀ ਵਿਚਾਰ :- ਲਾਲਾ ਜੀ ਅਨੁਸਾਰ  ਰਾਜ ਕਾਮ ਲੋਕਾਂ ਦੀ ਸੇਵਾ ਅਤੇ ਉਨ੍ਹਾ ਬੇਲੜੇ ਦੇ ਹਿੱਤਾਂ ਦੀ ਪੂਰਤੀ ਕਰਨਾ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਸੀ ਇਸ ਵਿੱਚ ਉਨ੍ਹਾਂ ਨੇ ਪੁਲਿਸ ਰਾਜ ਦੀ ਵਿਰੋਧ ਕੀਤਾ।
4. ਜਾਤ-ਪਾਤ ਅਤੇ ਛੂਤ-ਛਾਤ ਦੀ ਵਿਰੋਧਤਾ:- ਲਾਲਾ ਲਾਜਪਤ ਰਾਏ ਨੇ ਸੰਸਕ੍ਰਿਤੀ ਅਤੇ ਸੱਭਿਆਚਾਰ ਵਿੱਚ ਪੂਰਾ ਵਿਸ਼ਵਾਸ ਸੀ ਉਨ੍ਹਾਂ ਨੂੰ ਭਾਰਤ ਦੇ ਵੈਦਿਕ ਧਰਮ ਵਿੱਚ ਪੂਰੀ ਆਸਥਾ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਸਮਾਜ ਦੇ ਉਦੇਸ਼ਾਂ ਨਾਲ ਜੋੜਿਆ ਸੀ ਵੈਦਿਕ ਧਰਮ ਅਤੇ ਆਰੀਆ ਸਮਾਜ ਵਿਚ ਦ੍ਰਿੜ੍ਹ ਵਿਸ਼ਵਾਸ ਦੇ ਕਾਰਨ ਉਨ੍ਹਾਂ ਨੇ ਹਮੇਸ਼ਾ ਭਾਰਤ ਵਿੱਚ ਜਾਤ-ਪਾਤ ਅਤੇ ਛੂਤ-ਛਾਤ ਦਾ ਵਿਰੋਧ ਕੀਤਾ ਇਨ੍ਹਾਂ ਨੂੰ ਗੈਰ ਕੁਦਰਤੀ ਗ਼ੈਰ-ਮਨੁੱਖੀ ਅਤੇ ਸਮਾਜ ਵਿਰੋਧੀ ਦੇ ਰੂਪ ਵਿਚ ਪ੍ਰਭਾਸ਼ਿਤ ਦਾ ਡੱਟ ਕੇ ਵਿਰੋਧ ਕੀਤਾ।
5. ਸਵਰਾਜ ਸਬੰਧੀ ਵਿਚਾਰ:- ਲਾਲਾ ਜੀ ਨੇ ਭਾਰਤੀਆਂ ਲਈ ਸਵਰਾਜ ਦੀ ਮੰਗ ਕੀਤੀ ਅਤੇ ਸਵਰਾਜ ਦੀ ਪ੍ਰਾਪਤੀ ਨੂੰ ਇੱਕ ਮਹਾਨ ਦੇਸ਼ ਦੇ ਰੂਪ ਵਿੱਚ ਸਵੀਕਾਰ ਕੀਤਾ ਅਤੇ ਪਰਿਭਾਸ਼ਿਤ ਕੀਤਾ ਉਨ੍ਹਾਂ ਦਾ ਵਿਚਾਰ ਸੀ ਕਿ ਸਵਾਰਾਜ ਦੀ ਪ੍ਰਾਪਤੀ ਹੀ ਭਾਰਤੀਆ ਦਾ ਉਦੇਸ਼ ਸੀ ਉਹ ਪੱਕੇ ਰਾਸ਼ਟਰਵਾਦੀ ਸਨ ਉਨ੍ਹਾਂ ਦਾ ਵਿਚਾਰ ਸੀ ਕਿ ਸ੍ਵਰਾਜ ਮੇਰਾ ਜਮਾਂਦਰੂ ਅਧਿਕਾਰ ਹੈ

# ਸਿਟਾ

- ਇਸ ਤਰ੍ਹਾਂ ਲਾਲਾ ਲਾਜਪਤ ਰਾਏ ਆਪਣੇ ਰਾਜਨੀਤਕ ਵਿਚ ਰਾਸ਼ਟਰਵਾਦ, ਅੰਤਰਰਾਸ਼ਟਰੀਵਾਦ, ਸਵਦੇਸ਼ੀ, ਸਵਰਾਜ, ਸੁਤੰਤਰਤਾ, ਲੋਕਤੰਤਰ ਤੇ ਗਾਂਧੀਵਾਦੀ ਸਮਰਥਕ ਸਨ ਉਨ੍ਹਾਂ ਦੇ ਵਿਚਾਰਾਂ ਭਾਰਤੀ ਲੋਕਤੰਤਰ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਭਾਰਤੀ ਰਾਸ਼ਟਰੀ ਅੰਦੋਲਨ ਨੂੰ ਇਕ ਵਿਸ਼ਾਲ ਭਾਰਤੀ ਜਨ –ਅੰਦੋਲਨ ਦੇ ਸਿਧਾਂਤ ਦੇ ਰੂਪ ਵਿਚ ਵਿਕਸਿਤ ਹੋਣ ਵਿੱਚ ਉਨ੍ਹਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ